ਨੰ: 9/3੦/2੦੦7-ਰਸ-1/1178

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ ;
ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ;
ਸਮੂਹ ਜਿਲ੍ਹਾ ਤੇ ਸੈਸ਼ਨ ਜੱਜ; ਅਤੇ
ਸਮੂਹ ਉਪ ਮੰਡਲ ਮੈਜਿਸਟਰੇਟ (ਸਿਵਲ)।

ਮਿਤੀ, ਚੰਡੀਗੜ੍ਹ 6 ਸਤੰਬਰ, 2੦੦7.

ਵਿਸ਼ਾ: ਸਰਕਾਰੀ ਦਫਤਰਾਂ/ਕੋਰਟਾਂ ਦੀ ਕਾਰਵਾਈ ਵਿੱਚ ਆਦਿ-ਧਰਮੀ ਸ਼ਬਦ ਲਿਖਣ ਬਾਰੇ।

**************

ਸ੍ਰੀ ਮਾਨ ਜੀ,

ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਰਾਜ ਸਰਕਾਰ ਦੇ ਕਈ ਦਫਤਰਾਂ/ਕੋਰਟਾਂ ਵੱਲੋਂ ਆਪਣੀ ਦਫਤਰੀ ਕਾਰਵਾਈ ਵਿਚ ਜਦੋਂ ਅਨੁਸੂਚਿਤ ਜਾਤੀ ਨਾਲ ਸਬੰਧਤ ਕਿਸੇ ਵਿਅਕਤੀ ਵਲੋਂ ਆਪਣਾ ਧਰਮ/ਜਾਤੀ ਆਦਿ-ਧਰਮੀ (Ad-Dharmi) ਲਿਖਵਾਈ ਜਾਂਦੀ ਹੈ ਤਾਂ ਅਕਸਰ ਆਦਿ-ਧਰਮੀ ਲਿਖਣ ਦੀ ਬਜਾਇ ਆਧਰਮੀ ਸ਼ਬਦ ਲਿਖਿਆ ਜਾਂਦਾ ਹੈ। ਅਜਿਹਾ ਹੋਣ ਨਾਲ ਆਦਿ-ਧਰਮੀ ਜਾਤੀ ਨਾਲ ਸਬੰਧਤ ਵਿਅਕਤੀਆਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਭਵਿੱਖ ਵਿਚ ਦਫਤਰੀ/ਅਦਾਲਤੀ ਕਾਰਵਾਈ ਵਿੱਚ ਜਦੋਂ ਵੀ ਆਦਿ-ਧਰਮੀ ਸ਼ਬਦ ਲਿਖਿਆ ਜਾਵੇ ਤਾਂ ਇਸ ਦੀ ਸ਼ੁੱਧੀ ਯਕੀਨੀ ਬਣਾਈ ਜਾਵੇ।

ਵਧੀਕ ਸਕੱਤਰ ਭਲਾਈ।

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਭਲਾਈ।

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ: 9/3੦/2੦੦7-ਰਸ-1/1179 ਮਿਤੀ, ਚੰਡੀਗੜ੍ਹ 6 ਸਤੰਬਰ, 2੦੦7